ਪੰਜਾਬ ਮੰਡੀ ਬੋਰਡ

ਪੰਜਾਬ ਮੰਡੀ ਭਵਨ, ਸੈਕਟਰ-65-ਏ, ਸਾਹਿਬਜਾਦਾ ਅਜੀਤ ਸਿੰਘ ਨਗਰ।

ਨੰ:ਓ:ਅ-1/ 23630

ਮਿਤੀ: 15/12/16

ਡੀ.ਜੀ.ਐਮ.ਪੀ.(ਆਈ.ਟੀ.),

ਪੰਜਾਬ ਮੰਡੀ ਬੋਰਡ,

ਐਸ.ਏ.ਐਸ. ਨਗਰ।

ਵਿਸ਼ਾ : ਵੱਖ-ਵੱਖ ਅਸਾਮੀਆਂ ਤੇ ਕੰਟਰੈਕਟ ਬੇਸਿਸ ਤੇ ਨਿਯੁਕਤੀਆਂ ਕਰਨ ਲਈ ਅਖਬਾਰ ਵਿੱਚ ਦਿੱਤਾ ਇਸਤਿਹਾਰ ਅਤੇ ਨਿਰਧਾਰਤ ਪ੍ਰੋਫਾਰਮਾ ਵੈਬ-ਸਾਈਟ ਤੇ ਅੱਪਲਾਉਡ ਕਰਨ ਬਾਰੇ।

ਪੰਜਾਬ ਮੰਡੀ ਬੋਰਡ ਦੇ ਇੰਜੀਨੀਅਰਿੰਗ ਵਿੰਗ ਅਧੀਨ ਵੱਖ-ਵੱਖ ਕੈਟਾਗਰੀ ਦੀਆਂ ਅਸਾਮੀਆਂ ਕੰਟਰੈਕਟ ਬੇਸਿਸ ਤੇ ਭਰਨ ਲਈ ਅਖਬਾਰ ਵਿੱਚ ਇਸਤਿਹਾਰ ਦਿੱਤਾ ਗਿਆ ਹੈ। ਇਹ ਇਸਤਿਹਾਰ ਮਿਤੀ 16.12.16 ਦੇ ਅਖਬਾਰਾਂ ਵਿੱਚ ਛਪਵਾਉਣ ਲਈ ਸੁਪਰਡੈਂਟ, ਪ੍ਰਚਾਰ ਸਾਖਾ, ਪੰਜਾਬ ਮੰਡੀ ਬੋਰਡ ਨੂੰ ਭੇਜਿਆ ਜਾ ਚੁੱਕਾ ਹੈ। ਆਪ ਨੂੰ ਇਸ ਇਸਤਿਹਾਰ ਦੀ ਕਾਪੀ (ਇੰਗਲਿਸ ਅਤੇ ਪੰਜਾਬੀ) ਅਤੇ ਨਿਰਧਾਰਤ ਪ੍ਰੋਫਾਰਮਾ ਨਾਲ ਨੱਥੀ ਕਰਕੇ ਲਿਖਿਆ ਜਾਂਦਾ ਹੈ ਕਿ ਇਹ ਇਸਤਿਹਾਰ ਅਤੇ ਪ੍ਰੋਫਾਰਮਾ ਪੰਜਾਬ ਮੰਡੀ ਬੋਰਡ ਦੀ ਵੈਬ-ਸਾਇਟ ਤੇ ਮਿਤੀ 16.12.16 ਤੋਂ ਪਹਿਲਾਂ ਅੱਪ ਲਾਉਡ ਕਰਨ ਦੀ ਖੇਚਲ ਕੀਤੀ ਜਾਵੇ ਜੀ। ਅਸਾਮੀਆਂ ਭਰਨ ਸਬੰਧੀ ਮਾਨਯੋਗ ਪ੍ਰਧਾਨ ਬੋਰਡ ਜੀ ਦੀ ਪ੍ਰਵਾਨਗੀ ਦੀ ਕਾਪੀ ਵੀ ਨਾਲ ਨੱਥੀ ਹੈ।

ਨੱਥੀ/ਇੰਗਲਿਸ ਅਤੇ ਪੰਜਾਬੀ ਦੇ ਇਸਤਿਹਾਰ ਦੀ ਕਾਪੀ।

2. ਪ੍ਰੋਫਾਰਮੇ ਦੀ ਕਾਪੀ।

~~3. ਪ੍ਰਵਾਨਗੀ ਦੀ ਕਾਪੀ।~~ — 6 ਪੰਨੇ

15/12/16

ਅਮਲਾ ਅਫਸਰ(ਉਸਾਰੀ)

~~ਵਾ:ਪ੍ਰਧਾਨ~~

Immediately pl.

15/12/16

Pl. upload it.

Asstt. Eng.-II

ਪੰਜਾਬ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ, ਪੰਜਾਬ ਮੰਡੀ ਭਵਨ, ਸੈਕਟਰ-65-ਏ,
ਸਾਹਿਬਜਾਦਾ ਅਜੀਤ ਸਿੰਘ ਨਗਰ।

ਟੈਲੀਫੋਨ ਨੰ:0172-2210125-29, 5101641-43,
website: www.pbmandiboard.gov.in

## ਕੰਟਰੈਕਟ ਬੇਸਿਸ ਤੇ ਨਿਯੁਕਤੀਆਂ ਸਬੰਧੀ ਜਨਤਕ ਇਸਤਿਹਾਰ

ਪੰਜਾਬ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ, ਸਾਹਿਬਜਾਦਾ ਅਜੀਤ ਸਿੰਘ ਨਗਰ ਵੱਲੋਂ ਪੰਜਾਬ ਅਤੇ ਚੰਡੀਗੜ੍ਹ ਦੇ ਪੱਕੇ ਵਸਨੀਕਾਂ ਪਾਸੋ ਹੇਠ ਲਿਖੀਆਂ ਅਸਾਮੀਆਂ ਤੇ ਕੰਟਰੈਕਟ ਬੇਸਿਸ ਤੇ ਇੱਕ ਸਾਲ ਦੇ ਸਮੇ ਲਈ ਨਿਯੁਕਤੀ ਲਈ ਯੋਗ ਉਮੀਦਵਾਰਾਂ ਪਾਸੋ ਦਰਖਾਸਤਾਂ ਮੰਗੀਆਂ ਜਾਂਦੀਆਂ ਹਨ:-

| ਲੜੀਨੰ: | ਅਸਾਮੀ ਦਾ ਨਾਮ ਅਤੇ ਤਨਖਾਹ | ਵਿੱਦਿਅਕ ਯੋਗਤਾ/ ਤਜਰਬਾ | ਅਸਾਮੀਆਂ ਦੀ ਗਿਣਤੀ |
|---|---|---|---|
| 1. | ਉਪ-ਮੰਡਲ-ਅਫਸਰ(ਸਿਵਲ)<br>ਰੁ:15600/- ਉਕਾਪੁੱਕਾ | ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਡਿਗਰੀ ਇੰਨ ਸਿਵਲ ਇੰਜੀਨੀਅਰਿੰਗ ਜਾਂ ਐਸੋਸੀਏਟਸ ਮੈਂਬਰ ਆਫ ਇੰਸਟੀਚਿਉਟ ਆਫ ਇੰਜੀਨੀਅਰਿੰਗ ਸਿਵਲ (ਏ.ਐਮ.ਆਈ.ਈ.) ਦੀ ਯੋਗਤਾ ਹੋਣੀ ਚਾਹੀਦੀ ਹੈ। | 16<br>(ਜ:-8<br>ਐ:ਸ-3<br>ਬੀ.ਸੀ-1<br>ਖਿਡਾਰੀ-1(ਜਨਰਲ)<br>ਸਾ:ਫੌ:-3<br>(1ਜ,1,ਐ:ਸੀ,1ਬੀ.ਸੀ) |
| 2. | ਉਪ-ਮੰਡਲ-ਅਫਸਰ<br>(ਜਨ ਸਿਹਤ)<br>ਰੁ:15600/- ਉਕਾਪੁੱਕਾ | ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਡਿਗਰੀ ਇੰਨ ਸਿਵਲ ਇੰਜੀਨੀਅਰਿੰਗ ਜਾਂ ਐਸੋਸੀਏਟਸ ਮੈਂਬਰ ਆਫ ਇੰਸਟੀਚਿਉਟ ਆਫ ਇੰਜੀਨੀਅਰਿੰਗ ਸਿਵਲ (ਏ.ਐਮ.ਆਈ.ਈ.) ਦੀ ਯੋਗਤਾ ਹੋਣੀ ਚਾਹੀਦੀ ਹੈ। | 1 ਜਨਰਲ |
| 3. | ਉਪ-ਮੰਡਲ-ਅਫਸਰ<br>(ਮਕੈਨੀਕਲ)<br>ਰੁ:15600/-ਉਕਾਪੁੱਕਾ | ਮਾਨਤਾ ਪ੍ਰਾਪਤ ਯੂਨੀਵਰਸਿਟੀ ਜਾਂ ਸੰਸਥਾ ਤੋਂ ਡਿਗਰੀ ਇੰਨ ਮਕੈਨੀਕਲ ਇੰਜੀਨੀਅਰਿੰਗ ਜਾਂ ਐਸੋਸੀਏਟਸ ਮੈਂਬਰ ਆਫ ਇੰਸਟੀਚਿਉਟ ਆਫ ਇੰਜੀਨੀਅਰਿੰਗ ਮਕੈਨੀਕਲ (ਏ.ਐਮ.ਆਈ.ਈ.) ਦੀ ਯੋਗਤਾ ਹੋਣੀ ਚਾਹੀਦੀ ਹੈ। | ਜ-1 |
| 4. | ਜੂਨੀਅਰ ਇੰਜੀਨੀਅਰ(ਸਿਵਲ)<br>ਰੁ:10300/- ਉਕਾਪੁੱਕਾ | ਮਾਨਤਾ ਪ੍ਰਾਪਤ ਸੰਸਥਾ ਤੋਂ ਡਿਪਲੋਮਾ ਇੰਨ ਸਿਵਲ ਇੰਜੀਨੀਅਰਿੰਗ ਜਾਂ ਡਿਗਰੀ ਇੰਨ ਸਿਵਲ ਇੰਜੀਨੀਅਰਿੰਗ ਦੀ ਯੋਗਤਾ ਹੋਣੀ ਚਾਹੀਦੀ ਹੈ। | 30<br>(ਜ:15<br>ਐ:ਸੀ-5<br>ਬੀ.ਸੀ-2<br>ਖਿਡਾਰੀ-1(ਐਸ.ਸੀ.)<br>ਸਾ:ਫੌ-7<br>(6 ਜ:,1ਬੀ.ਸੀ) |
| 5. | ਜੂਨੀਅਰ ਇੰਜੀਨੀਅਰ (ਜਨ ਸਿਹਤ)<br>ਰੁ:10300/-ਉਕਾਪੁੱਕਾ | ਮਾਨਤਾ ਪ੍ਰਾਪਤ ਸੰਸਥਾ ਤੋਂ ਡਿਪਲੋਮਾ ਇੰਨ ਸਿਵਲ ਇੰਜੀਨੀਅਰਿੰਗ ਜਾਂ ਡਿਗਰੀ ਇੰਨ ਸਿਵਲ ਇੰਜੀਨੀਅਰਿੰਗ ਦੀ ਯੋਗਤਾ ਹੋਣੀ ਚਾਹੀਦੀ ਹੈ। | 7<br>(ਜ-3,<br>ਐਸ.ਸੀ-3<br>ਸਾ:ਫੌ-1 (ਬੀ.ਸੀ.) |
| 6. | ਜੂਨੀਅਰ ਇੰਜੀਨੀਅਰ<br>(ਇਲੈਕਟ੍ਰੀਕਲ)<br>ਰੁ:10300/- ਉਕਾਪੁੱਕਾ | ਮਾਨਤਾ ਪ੍ਰਾਪਤ ਸੰਸਥਾ ਤੋਂ ਡਿਪਲੋਮਾ ਇੰਨ ਇਲੈਕਟ੍ਰੀਕਲ ਇੰਜੀਨੀਅਰਿੰਗ ਜਾਂ ਡਿਗਰੀ ਇੰਨ ਇਲੈਕਟ੍ਰੀਕਲ ਇੰਜੀਨੀਅਰਿੰਗ ਦੀ ਯੋਗਤਾ ਹੋਣੀ ਚਾਹੀਦੀ ਹੈ। | 5<br>(ਜ-1,<br>ਐਸ.ਸੀ.-1<br>ਬੀ.ਸੀ.-1<br>ਖਿਡਾਰੀ-1(ਐਸ.ਸੀ.)<br>ਸਾ:ਫੌ-1 (ਜਨਰਲ) |

| | | | |
|---|---|---|---|
| 7. | ਜੂਨੀਅਰ ਇੰਜੀਨੀਅਰ (ਮਕੈਨੀਕਲ) ਰੁ:10300/- ਉਕਾਪੁੱਕਾ | ਮਾਨਤਾ ਪ੍ਰਾਪਤ ਸੰਸਥਾ ਤੋਂ ਡਿਪਲੋਮਾ ਇੰਨ ਮਕੈਨੀਕਲ ਇੰਜੀਨੀਅਰਿੰਗ ਜਾਂ ਡਿਗਰੀ ਇੰਨ ਮਕੈਨੀਕਲ ਇੰਜੀਨੀਅਰਿੰਗ ਦੀ ਯੋਗਤਾ ਹੋਣੀ ਚਾਹੀਦੀ ਹੈ। | 1- ਐਸ.ਸੀ. |
| 8. | ਜੂਨੀਅਰ ਡਰਾਫਟਸਮੈਨ (ਸਿਵਲ/ਜਨ ਸਿਹਤ) ਰੁ:10300/-ਉਕਾਪੁੱਕਾ | ਉਮੀਦਵਾਰ ਮੈਟ੍ਰਿਕ ਪਾਸ ਹੋਣਾ ਚਾਹੀਦਾ ਹੈ ਅਤੇ ਡਰਾਫਟਸਮੈਨ ਦੀ ਸਬੰਧਤ ਟਰੇਡ ਵਿੱਚ ਦੋ ਸਾਲ ਦਾ ਇੰਡਸਟ੍ਰੀਅਲ ਟਰੇਨਿੰਗ ਇੰਸਟੀਚਿਊਟ ਸਰਟੀਫਿਕੇਟ ਹੋਣਾ ਲਾਜਮੀ ਹੈ। | 6 (ਜ-3 ਖਿਡਾਰੀ-1 (ਜ) ਸਾ:ਫੌ:-2 (ਜ-1,ਐ:ਸੀ-1) |

*ਜ-ਜਨਰਲ, ਐਸ.ਸੀ.-ਅਨੁਸੂਚਿਤ ਜਾਤੀ, ਬੀਸੀ- ਪੱਛੜੀ ਸ੍ਰੇਣੀ, ਸਾ:ਫੌ:- ਸਾਬਕਾ ਫੌਜੀ,

ਸ਼ਰਤਾਂ:-

1. ਉਪਰੋਕਤ ਦਰਸਾਈਆਂ ਸਾਰੀਆਂ ਕੈਟਾਗਰੀਆਂ ਲਈ ਉਮੀਦਵਾਰਾਂ ਵੱਲੋਂ 10ਵੀਂ ਜਮਾਤ ਦੇ ਇਮਤਿਹਾਨ ਵਿੱਚ ਪੰਜਾਬੀ ਇੱਕ ਲਾਜਮੀ ਜਾਂ ਇਲੈਕਟਿਵ ਵਿਸੇ ਦੇ ਤੌਰ ਤੇ ਜਾਂ ਉਸ ਦੇ ਬਰਾਬਰ ਜਾਂ ਪੰਜਾਬੀ ਭਾਸਾ ਵਿੱਚ ਕੋਈ ਹੋਰ ਇਮਤਿਹਾਨ ਜੋ ਕਿ ਪੰਜਾਬ ਸਰਕਾਰ ਦੁਆਰਾ ਸਮੇਂ ਸਮੇਂ ਤੇ ਨਿਰਧਾਰਤ ਕੀਤਾ ਹੋਵੇ, ਪਾਸ ਹੋਣਾ ਲਾਜਮੀ ਹੈ।
2. ਨਿਯੁਕਤੀ ਲਈ ਚੁਣੇ ਗਏ ਉਮੀਦਵਾਰ ਪੰਜਾਬ ਅਤੇ ਚੰਡੀਗੜ੍ਹ ਵਿੱਚ ਕਿਸੇ ਵੀ ਥਾਂ ਤੇ ਕੰਮ ਕਰਨ ਲਈ ਸਹਿਮਤ ਹੋਣਗੇ।
3. ਨਿਯੁਕਤੀ ਲਈ ਚੁਣੇ ਗਏ ਉਮੀਦਵਾਰਾਂ ਨੂੰ ਭਵਿੱਖ ਵਿੱਚ ਕਦੇ ਵੀ ਪੰਜਾਬ ਮੰਡੀ ਬੋਰਡ ਵਿੱਚ ਸੇਵਾਵਾਂ ਰੈਗੂਲਰ ਕਰਨ ਲਈ ਕਲੇਮ ਕਰਨ ਦਾ ਕੋਈ ਅਧਿਕਾਰ ਨਹੀ ਹੋਵੇਗਾ।
4. ਨਿਯੁਕਤੀ ਲਈ ਚੁਣੇ ਗਏ ਉਮੀਦਵਾਰ ਮੈਡੀਕਲ ਫਿੱਟ ਹੋਣੇ ਚਾਹੀਦੇ ਹਨ ਅਤੇ ਉਨਾਂ ਵੱਲੋਂ ਪੰਜਾਬ/ਚੰਡੀਗੜ੍ਹ ਦੇ ਸਰਕਾਰੀ ਹਸਪਤਾਲ ਵੱਲੋਂ ਜਾਰੀ ਕੀਤਾ ਮੈਡੀਕਲ ਫਿਟਨੈਸ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।
5. ਜੇਕਰ ਨਿਯੁਕਤ ਹੋਏ ਉਮੀਦਵਾਰ ਦਾ ਕੰਮਕਾਜ ਜਾਂ ਕੰਡਕਟ ਤਸੱਲੀਬਖਸ ਨਾ ਪਾਇਆ ਗਿਆ ਤਾਂ ਉਸ ਨੂੰ 15 ਦਿਨਾਂ ਦਾ ਲਿਖਤੀ ਨੋਟਿਸ ਦੇ ਕੇ ਡਿਊਟੀ ਤੋਂ ਰਲੀਵ ਕਰਨ ਦਾ ਪੰਜਾਬ ਮੰਡੀ ਬੋਰਡ ਪਾਸ ਅਧਿਕਾਰ ਹੋਵੇਗਾ।
6. ਵੱਖਰੀ-ਵੱਖਰੀਆਂ ਭਰੀਆਂ ਜਾ ਰਹੀਆਂ ਅਸਾਮੀਆਂ ਦੀ ਗਿਣਤੀ ਅਥਾਰਟੀ ਵੱਲੋਂ ਵੱਧ ਜਾਂ ਘੱਟ ਕੀਤੀ ਜਾ ਸਕਦੀ ਹੈ।
7. ਉਕਤ ਅਸਾਮੀਆਂ ਲਈ ਅਪਲਾਈ ਕਰਨ ਲਈ ਚਾਹਵਾਨ ਜਨਰਲ ਅਤੇ ਹੋਰ ਕੈਟਾਗਰੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ 37 ਸਾਲ ਅਤੇ ਐਸ.ਸੀ. ਉਮੀਦਵਾਰਾਂ ਦੀ ਉਮਰ 18 ਸਾਲ ਤੋਂ 42 ਸਾਲ ਦੇ ਦਰਮਿਆਨ ਹੋਣੀ ਚਾਹੀਦੀ ਹੈ।
8. ਉਕਤ ਅਸਾਮੀਆਂ ਲਈ ਅਪਲਾਈ ਕਰਨ ਦੇ ਚਾਹਵਾਨ ਜਨਰਲ ਅਤੇ ਹੋਰ ਕੈਟਾਗਰੀਆਂ ਦੇ ਉਮੀਦਵਾਰਾਂ ਲਈ ਰੁ:500/- ਅਤੇ ਐਸ.ਸੀ. ਕੈਟਾਗਰੀ ਦੇ ਉਮੀਦਵਾਰਾਂ ਲਈ ਰੁ:250/- ਫੀਸ ਨਿਰਧਾਰਤ ਹੈ। ਇਹ ਫੀਸ ਬੈਂਕ ਡਰਾਫਟ ਦੇ ਰੂਪ ਵਿੱਚ "ਮਾਰਕੀਟਿੰਗ ਡਿਵੈਲਪਮੈਂਟ ਫੰਡ" ਦੇ ਨਾਮ,ਸਾਹਿਬਜਾਦਾ ਅਜੀਤ ਸਿੰਘ ਨਗਰ ਵਿਖੇ ਅਦਾਇਗੀ ਯੋਗ ਹੋਵੇ, ਰਾਹੀਂ ਜਾਂ ਆਰ.ਟੀ.ਜੀ.ਐਸ. ਰਾਹੀਂ ਯੂਨੀਅਨ ਬੈਂਕ ਆਫ ਇੰਡੀਆ ਦੇ ਅਕਾਂਊਟ ਨੰ:398902011000984 (ਆਈਐਫਐਸ ਕੋਡ:UBIN0573906) ਵਿੱਚ ਅਦਾ ਕੀਤੀ ਜਾ ਸਕਦੀ ਹੈ।

ਉਕਤ ਅਸਾਮੀਆਂ ਅਪਲਾਈ ਕਰਨ ਲਈ ਨਿਰਧਾਰਤ ਪ੍ਰੋਫਾਰਮਾ ਪੰਜਾਬ ਮੰਡੀ ਬੋਰਡ ਦੀ ਵੈਬ-ਸਾਈਟ ਤੇ ਵੇਖਿਆ ਜਾਵੇ।

ਚਾਹਵਾਨ ਯੋਗ ਉਮੀਦਵਾਰਾਂ ਵੱਲੋਂ ਸਾਫ ਸੁਥਰੇ ਤਰੀਕੇ ਨਾਲ ਟਾਈਪ ਕੀਤੀਆਂ ਦਰਖਾਸਤਾਂ ਨਿਰਧਾਰਤ ਪ੍ਰੋਫਾਰਮੇ ਵਿੱਚ ਭਰ ਕੇ ਆਪਣੇ ਹਸਤਾਖਰਾਂ ਹੇਠ ਮਿਤੀ 25.12.16 ਨੂੰ 5.00 ਵਜੇ ਤੱਕ ਲੋੜੀਂਦੇ ਸਰਟੀਫਿਕੇਟਾਂ ਦੀਆਂ ਸਵੈ-ਤਸਦੀਕਸ਼ੁਦਾ ਦੀਆਂ ਕਾਪੀਆਂ ਸਮੇਤ ਦਸਤੀ, ਪਹਿਲੀ ਮੰਜਿਲ, ਰੂਮ ਨੰ:120, ਪੰਜਾਬ ਮੰਡੀ ਭਵਨ, ਐਸ.ਏ.ਐਸ.ਨਗਰ ਵਿਖੇ ਦਿੱਤੀਆਂ ਜਾ ਸਕਦੀਆਂ ਹਨ ਜਾਂ ਇਹ ਦਰਖਾਸਤ ਅਤੇ ਸਵੈ-ਤਸਦੀਕਸ਼ੁਦਾ ਦਸਤਾਵੇਜਾਂ ਨੂੰ ਸਕੈਨ ਕਰਕੇ ਪੰਜਾਬ ਮੰਡੀ ਬੋਰਡ ਦੀ ਈ-ਮੇਲ ਆਈ.ਡੀ. pmb.ceqlt@punjabmail.gov.in ਰਾਹੀਂ ਮਿਤੀ 25.12.16 ਨੂੰ ਸਾਮ 5.00 ਵਜੇ ਤੱਕ ਭੇਜੀਆਂ ਜਾ ਸਕਦੀਆਂ ਹਨ। ਈ-ਮੇਲ ਆਈ.ਡੀ ਰਾਹੀਂ ਦਸਤਾਵੇਜ ਭੇਜਣ ਸਮੇਂ ਆਰ.ਟੀ.ਜੇ.ਐਸ ਰਾਹੀਂ ਫੀਸ ਦੀ ਕੀਤੀ ਅਦਾਇਗੀ ਦਾਂ ਸਬੂਤ ਨਾਲ ਭੇਜਣਾ ਲਾਜਮੀ ਹੈ।

ਨਿਰਧਾਰਤ ਕੀਤੀ ਗਈ ਮਿਤੀ ਅਤੇ ਸਮੇਂ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਨੂੰ ਵਿਚਾਰਿਆ ਨਹੀ ਜਾਵੇਗਾ।

ਪ੍ਰਧਾਨ
ਪੰਜਾਬ ਸਟੇਟ ਐਗਰੀਕਲਚਰਲ ਮਾਰਕੀਟਿੰਗ ਬੋਰਡ,
ਸਾਹਿਬਜਾਦਾ ਅਜੀਤ ਸਿੰਘ ਨਗਰ।